This question paper contains 3 printed pages]

**Roll No.** | | | | | | | | | | | |

S. No. of Question Paper . **5005**

Unique Paper Code : **212281** **C**

Name of the Paper : **Punjabi 'A' CH 2.5**

Name of the Course : **B.Com. (Hons.)**

Semester : **II**

Duration : **3 Hours** Maximum Marks : **75**

*(Write your Roll No. on the top immediately on receipt of this question paper.)*

**Instructions for Candidates**

**ਨੋਟ** :–ਪ੍ਰਸ਼ਨ ਪੱਤਰ ਦੇ **ਤਿੰਨ** ਭਾਗ ਹਨ । ਹਰ ਭਾਗ ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

**ਭਾਗ–I**

1. ਲੋਕਧਾਰਾ ਤੋਂ ਕੀ ਭਾਵ ਹੈ ? ਲੋਕਧਾਰਾ ਦੇ ਪ੍ਰਮੁੱਖ ਤੱਤਾਂ ਨਾਲ ਜਾਣ-ਪਛਾਣ ਕਰਾਉ ।

**ਜਾਂ**

'ਮੇਰਾ ਨਾਨਕਾ ਪਿੰਡ' ਪਾਠ-ਪੁਸਤਕ ਵਿਚ ਦਰਜ ਕਾਂਡਾਂ ਵਿਚੋਂ ਤੁਹਾਨੂੰ ਕਿਹੜਾ ਕਾਂਡ ਚੰਗਾ ਲਗਦਾ ਹੈ ਤੇ ਕਿਉਂ ? ਆਪਣੇ ਸ਼ਬਦਾਂ 'ਚ ਲਿਖੋ । 15

2. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ **ਦੋ** ਪ੍ਰਸ਼ਨਾਂ ਦੇ ਸਖੇਪ ਉੱਤਰ ਲਿਖੋ : 2×5=10

(*i*) 'ਮੇਰਾ ਨਾਨਕਾ ਪਿੰਡ-ਗੁੜਾ ਉੱਤਮ ਸਿੰਘ' ਕਾਂਡ ਵਿਚ ਜਰਨੈਲ ਉੱਤਮ ਸਿੰਘ ਦੀ ਗੜ੍ਹੀ ਦੀ ਉਸਾਰੀ ਨਾਲ ਜੁੜੀ ਘਟਨਾ ਨੂੰ ਆਪਣੇ ਸ਼ਬਦਾਂ 'ਚ ਲਿਖੋ ।

(*ii*) ਨਜ਼ਰ ਲਗਣ ਤੋਂ ਬਚਣ ਲਈ ਕੀ ਕੀ ਉਪਾਅ ਕੀਤੇ ਜਾਂਦੇ ਹਨ ? ਕੋਈ ਤਿੰਨ ਉਪਾਅ ਲਿਖੋ ।

(*iii*) 'ਮਾਸੀ ਮੈਨਾ ਦਾ ਵਿਆਹ' ਕਾਂਡ ਵਿਚ ਮੈਨਾ ਦੇ ਵਿਆਹ ਦੇ ਬਿਰਤਾਂਤ ਨੂੰ ਆਪਣੇ ਸ਼ਬਦਾਂ 'ਚ ਲਿਖੋ ।

(*iv*) 'ਸਾਡੇ ਨਿੱਕੇ ਵੱਡੇ ਰੱਬ' ਕਾਂਡ ਵਿਚ ਪਿੱਪਲ ਅਤੇ ਤੁਲਸੀ ਦੇ ਪੂਜੇ ਜਾਣ ਪਿਛੇ ਕੰਮ ਕਰ ਰਹੇ ਸੰਸਕਾਰਾਂ ਨੂੰ ਬਿਆਨ ਕਰੋ ।

## ਭਾਗ–II

3. ਹੇਠ ਦਿੱਤੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਇਸ ਦਾ ਸਿਰਲੇਖ ਵੀ ਲਿਖੋ :

ਨੰਦਾ ਪੰਜਾਬੀ ਨਾਟਕ-ਕਲਾ ਵਿਚ ਇਕ ਵਸ਼ਿਸ਼ਟ ਥਾਂ ਰੱਖਦਾ ਹੈ । ਉਸ ਨੂੰ ਆਧੁਨਿਕ ਪੰਜਾਬੀ ਨਾਟਕ ਦਾ ਜਨਮ-ਦਾਤਾ ਕਿਹਾ ਜਾਂਦਾ ਹੈ । ਪਰ ਇਸ ਤੋਂ ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਨੰਦੇ ਤੋਂ ਪਹਿਲਾਂ ਨਾਟਕ ਲਿਖੇ ਹੀ ਨਹੀਂ ਸਨ ਜਾਂਦੇ । ਨੰਦੇ ਤੋਂ ਪਹਿਲਾਂ ਪੰਜਾਬੀ ਨਾਟਕ ਵਿਸ਼ੇ ਦੇ ਪੱਖ ਤੋਂ ਪਰੰਪਰਾਵਾਦੀ ਹੀ ਸਨ । ਪਰੰਪਰਾ ਜਾਂ ਸੰਸਕ੍ਰਿਤ ਨਾਟਕ ਦੇ ਆਧਾਰ ਤੇ ਜਾਂ ਪੁਰਾਤਨ ਨਾਟਕਾਂ ਦਾ ਅਨੁਵਾਦ ਸੀ । ਭਾਈ ਵੀਰ ਸਿੰਘ ਨੇ 'ਰਾਜਾ ਲਖਦਾਤਾ ਸਿੰਘ' ਲਿਖ ਕੇ ਪੰਜਾਬੀ ਨਾਟਕਾਂ ਦੀ ਨੀਂਹ ਰੱਖੀ । ਬ੍ਰਿਜ ਲਾਲ ਸ਼ਾਸਤਰੀ ਦੇ 'ਸਵਿਤਰੀ' ਤੇ 'ਸ਼ਕੁੰਤਲਾ' ਪੂਰੇ ਨਾਟਕ ਇਤਿਹਾਸਕ ਘਟਨਾਵਾਂ ਨਾਲ ਰੰਗੇ ਹੋਏ, ਸਿਦਕ ਤੇ ਕਰਾਮਾਤ ਦਾ ਪ੍ਰਭਾਵ ਮਨ ਤੇ ਪਾਉਂਦੇ ਹਨ । ਇਨ੍ਹਾਂ ਵਿਚ ਨਾ ਪਾਤਰ-ਉਸਾਰੀ ਲਈ ਯਤਨ ਕੀਤਾ ਗਿਆ ਹੈ ਤੇ ਨਾ ਹੀ ਬੋਲੀ ਨੂੰ ਰਸਦਾਇਕ ਬਣਾਉਣ ਲਈ । ਪੁਰਾਣੀਆਂ ਕਥਾਵਾਂ ਨੂੰ ਗੱਲਬਾਤੀ ਢੰਗ ਵਿਚ ਅਦਾ ਕਰ ਦਿੱਤਾ ਗਿਆ ਹੈ । 10

4. ਹੇਠ ਲਿਖੇ ਸ਼ਬਦਾਂ 'ਚੋਂ ਕੋਈ **ਪੰਦਰਾਂ** ਸ਼ਬਦਾਂ ਦੇ ਅਰਥ ਲਿਖੋ : 15

ਉਸਤਤ, ਉੱਤਮ, ਅੜਿੱਕਾ, ਅਦਬ, ਇਕਰਾਰ, ਇਤਬਾਰ, ਅਮਨ, ਸੱਖਣਾ, ਸੁਚੱਜਾ, ਸਵੇਲਾ, ਜਬਰ, ਕਾਇਰ, ਖੰਡਨ, ਖਰਾ, ਜਾਚਕ, ਨਿਖੱਟੂ, ਵਿਛੋੜਾ, ਪਲੀਤ ।

## ਭਾਗ–III

5. ਹੇਠ ਲਿਖੇ ਸ਼ਬਦ-ਸਮੂਹਾਂ ਲਈ **ਇਕ-ਇਕ** ਸ਼ਬਦ ਲਿਖੋ : 10

(ੳ) ਜਿਹੜਾ ਕਿਸੇ ਦੀ ਕੀਤੀ ਹੋਈ ਨੇਕੀ ਨੂੰ ਨਾ ਜਾਣੇ

(ਅ) ਉਹ ਥਾਂ ਜਿਥੇ ਪਹਿਲਵਾਨ ਘੋਲ ਕਰਦੇ ਹਨ

(ੲ) ਜਿਸ ਨੂੰ ਜਿੱਤਿਆ ਨਾ ਜਾ ਸਕੇ

(ਸ) ਜਦ ਮੀਂਹ ਦੀ ਘਾਟ ਹੋ ਜਾਵੇ

(ਹ) ਜੋ ਜ਼ਖ਼ਮ ਅਜੇ ਕੱਚਾ ਹੋਵੇ

(ੳ) ਸੱਪ ਦਾ ਬੱਚਾ

(ਅ) ਸੋਨੇ ਚਾਂਦੀ ਦਾ ਵਪਾਰ ਕਰਨ ਵਾਲਾ

(ੲ) ਕਿਤਾਬਾਂ ਦੀ ਲਿਸਟ

(ਸ) ਨਾਟਕ ਲਿਖਣ ਵਾਲਾ

(ਹ) ਮੌਤ ਤੋਂ ਬਾਅਦ ਜਾਇਦਾਦ ਸੰਬੰਧੀ ਲਿਖਤ ।

6. (ੳ) ਹੇਠ ਦਿੱਤੇ ਅਗੇਤਰ ਲਗਾ ਕੇ ਦੋ-ਦੋ ਸ਼ਬਦ ਬਣਾਉ : 10

ਅ, ਅਧ, ਦੁਰ, ਪਰ, ਬੇ ।

(ਅ) ਹੇਠ ਦਿੱਤੇ ਪਿਛੇਤਰ ਲਗਾ ਕੇ ਸ਼ਬਦ ਬਣਾਉ : 5

ਆਵਟ, ਸਤਾਨ, ਹੀਣ, ਆਰਾ, ਦਾਨ ।